### ਫਿਲਮ ਰਿਵੀਉ:

# ਸਵਦੇਸ਼

## We The People

ਫਿਲਮ `ਲਗਾਨ` ਦੇ ਨਿਰਦੇਸ਼ਕ ਆਸ਼ੂਤੋਸ਼ ਗੌਵਾਰੀਕਰ ਦੀ ਨਵੀਂ ਫਿਲਮ `ਸਵਦੇਸ਼` ਸਾਲ ਦੇ ਸ਼ੁਰੂ ਵਿਚ ਆਈ ਅਤੇ ਕਾਫ਼ੀ ਚਰਚਾ ਦਾ ਵਿਸ਼ਾ ਰਹੀ ਹੈ। ਇਸ ਵਿਚ ਸ਼ਾਹਰੁਖ਼ ਖ਼ਾਨ ਨੇ ਨਾਇਕ ਦੀ ਭੂਮਿਕਾ ਨਿਭਾਈ ਹੈ ਅਤੇ ਨਵੀਂ ਅਦਾਕਾਰਾ ਗਾਇਤਰੀ ਜੋਸ਼ੀ ਨੇ ਨਾਇਕਾ ਦਾ ਕਿਰਦਾਰ ਅਦਾ ਕੀਤਾ ਹੈ।

ਮੋਹਨ(ਸ਼ਾਹ ਰੁਖ਼ ਖ਼ਾਨ) ਇਕ ਨੌਜਵਾਨ ਸਾਇੰਸਦਾਨ ਹੈ ਜੋ ਅਮਰੀਕਾ ਵਿਖੇ ਵਾਸ਼ਿੰਗਟਨ ਵਿਚ ਨਾਸਾ (ਨੈਸ਼ਨਲ ਏਅਰੋਨੌਟਿਕਸ ਐਂਡ ਸਪੇਸ ਏਜੰਸੀ) ਵਿਚ ਪ੍ਰਾਜੈਕਟ ਮੈਨੇਜਰ ਹੈ। ਉਹ ਅਮਰੀਕਾ ਪੜ੍ਹਨ ਲਈ ਆਇਆ ਸੀ ਤੇ ਪੜ੍ਹਾਈ ਖ਼ਤਮ ਕਰਨ ਦੇ ਬਾਅਦ ਉਥੇ ਹੀ ਨੌਕਰੀ ਕਰ ਲਈ। ਉਹਨੂੰ ਅਮਰੀਕਾ ਵਿਚ ਰਹਿੰਦੇ 12 ਸਾਲ ਹੋ ਚੁੱਕੇ ਹਨ ਅਤੇ ਆਪਣੇ ਕੰਮ ਵਿਚ ਬਹੁਤ ਮਾਹਿਰ ਤੇ ਹੁਸ਼ਿਆਰ ਹੈ। ਉਹਦੇ ਨਾਲ ਦੇ ਕੰਮ ਕਰਨ ਵਾਲੇ ਸਾਰੇ ਲੋਕ ਉਹਨੂੰ ਬਹੁਤ ਹੀ ਪਸੰਦ ਕਰਦੇ ਹਨ ਤੇ ਉਹਦਾ ਉਚ-ਅਫਸਰ ਵੀ ਉਹਨੂੰ ਕਾਫ਼ੀ ਪਸੰਦ ਕਰਦਾ ਹੈ। ਉਹ ਕਾਫ਼ੀ ਆਰਾਮ ਦੀ ਜ਼ਿੰਦਗੀ ਜੀ ਰਿਹਾ ਹੈ ਪਰ ਕਦੀ ਕਦੀ ਉਹ ਆਪਣੇ ਬਚਪਨ, ਆਪਣੇ ਮਾਪਿਆਂ ਅਤੇ ਹੋਰ ਗੁਜ਼ਰੀਆਂ ਗੱਲਾਂ ਬਾਰੇ ਸੋਚਦਾ ਹੈ ਅਤੇ ਉਦਾਸ ਹੋ ਉੱਠਦਾ ਹੈ। ਬੇਸ਼ੱਕ ਉਹਦੇ ਮਾਂ ਬਾਪ ਤਾਂ ਹੁਣ ਇਸ ਦੁਨੀਆ ਵਿਚ ਨਹੀਂ ਰਹੇ ਪਰ ਉਹ ਕਾਵੇਰੀ ਅੱਮਾ ਬਾਰੇ ਸੋਚਦਾ ਹੈ ਜਿਹਨੇ ਉਹਦੀ ਪ੍ਰਵਰਿਸ਼ ਕੀਤੀ ਸੀ। ਕਾਵੇਰੀ ਅੱਮਾ ਹਾਲੇ ਜਿਉਂਦੀ ਹੈ ਪਰ ਉਸ ਨਾਲ ਮੋਹਨ ਕੋਈ ਸੰਪਰਕ ਨਹੀਂ ਰਿਹਾ। ਉਹ ਮਹਿਸੂਸ ਕਰਦਾ ਹੈ ਕਿ ਹੁਣ ਸਿਰਫ਼ ਕਾਵੇਰੀ ਅੱਮਾ ਹੀ ਇਕ ਐਸਾ ਸੂਤਰ ਹੈ ਜੋ ਉਹਦੀਆਂ ਗੁਜ਼ਰੇ ਜ਼ਮਾਨੇ ਦੀਆਂ ਯਾਦਾਂ ਨਾਲ ਉਹਨੂੰ ਜੋੜਦਾ ਹੈ। ਉਹ ਇਕ ਇਕਲਾਪਾ ਮਹਿਸੂਸ ਕਰਦਾ ਹੈ ਅਤੇ ਮਹਿਸੂਸ ਕਰਦਾ ਹੈ ਕਿ ਕਾਵੇਰੀ ਅੱਮਾ ਬਾਰੇ ਭੁੱਲ ਕੇ ਉਹਨੇ ਬੜੀ ਗਲਤੀ ਕੀਤੀ ਹੈ। ਉਹ ਕਾਵੇਰੀ ਅੱਮਾ ਨੂੰ ਮਿਲਣ ਦੀ ਯੋਜਨਾ ਬੁਣਾਉਂਦਾ ਹੈ ਅਤੇ ਕੰਮ ਤੋਂ ਦੋ ਹਫਤੇ ਦੀ ਛੁੱਟੀ ਲੈਕੇ ਹਿੰਦੁਸਤਾਨ ਆ ਜਾਂਦਾ ਹੈ।

ਦਿੱਲੀ ਅਪੜ ਕੇ ਉਹ ਅਤੇ ਉਹਦਾ ਇਕ ਦੋਸਤ ਜਿਹਦੀ ਕਿਤਾਬਾਂ ਦੀ ਦੁਕਾਨ ਹੈ ਕਾਵੇਰੀ ਅੱਮਾ ਨੂੰ ਮਿਲਣ ਬਜ਼ੁਰਗਾਂ ਦੇ ਆਸ਼ਰਮ ਜਾਂਦੇ ਹਨ ਜਿੱਥੇ ਕਾਵੇਰੀ ਅੱਮਾ ਦੀ ਰਹਾਇਸ਼ ਹੈ। ਪਰ ਉੱਥੇ ਉਨ੍ਹਾਂ ਨੂੰ ਪਤਾ ਲਗਦਾ ਹੈ ਕਿ ਕਾਵੇਰੀ ਅੱਮਾ ਤਾਂ ਕਿਸੇ ਲੜਕੀ ਨਾਲ ਯੂ.ਪੀ.ਦੇ ਇਕ ਪਿੰਡ ਚਰਨਪੁਰ ਜਾ ਚੁੱਕੀ ਹੈ। ਆਸ਼ਰਮ ਤੋਂ ਉਨ੍ਹਾਂ ਨੂੰ ਉਹਦਾ ਪਤਾ ਮਿਲ ਜਾਂਦਾ ਹੈ ਅਤੇ ਮੋਹਨ ਚਰਨਪੁਰ ਜਾਣ ਦੀ ਸੋਚਦਾ ਹੈ। ਉਹਦਾ ਦੋਸਤ ਉਹਦੇ ਲਈ ਇਕ ਆਰਾਮਦਾਇਕ ਕੈਰਾਵਾਨ ਗੱਡੀ ਦਾ ਇੰਤਜ਼ਾਮ ਕਰਦਾ ਹੈ। ਇਸ ਗੱਡੀ ਵਿਚ ਹਰ ਤਰ੍ਹਾਂ ਦੀ ਸਹੂਲੀਅਤ ਮੌਜੂਦ ਹੈ ਜਿਵੇਂ ਕਿ ਸੌਣ ਦਾ ਪ੍ਰਬੰਧ ਹੈ, ਕੰਮਕਾਜ ਕਰਨ ਲਈ ਮੇਜ਼ ਕੁਰਸੀਆਂ ਹਨ ਅਤੇ ਬਿਜਲੀ ਪਾਣੀ ਦਾ ਇੰਤਜ਼ਾਮ ਹੈ। ਉਹਦੇ ਦੋਸਤ ਦੀ ਕਿਤਾਬਾਂ ਦੀ ਦੁਕਾਨ ਤੇ ਹੀ ਮੋਹਨ ਦੀ ਮੁਲਾਕਾਤ ਇਕ ਲੜਕੀ ਨਾਲ ਵੀ ਹੁੰਦੀ ਹੈ ਜੋ ਉਹਨੂੰ ਚਰਨਪੁਰ ਦਾ ਰਾਹ ਦੱਸਦੀ ਹੈ। ਮੋਹਨ ਚਰਨਪੁਰ ਵੱਲ ਗੱਡੀ ਤੋਰ ਲੈਂਦਾ ਹੈ। ਲਹਿਲਹਾਉਂਦੇ ਖੇਤਾਂ ਵਿਚੀਂ ਲੰਘਦੇ ਰਾਹੀਂ ਉਹ ਆਖਰ ਚਰਨਪੁਰ ਪਹੁੰਚ ਜਾਂਦਾ ਹੈ। ਚਰਨਪੁਰ ਇਕ ਛੋਟਾ ਜਿਹਾ ਪਿੰਡ ਹੈ। ਇਕ ਨਿਆਣਾ ਉਹਨੂੰ ਕਾਵੇਰੀ ਅੱਮਾ ਦੇ ਘਰ ਲੈ ਜਾਂਦਾ ਹੈ। ਕਾਵੇਰੀ ਅੱਮਾ ਉਹਨੂੰ ਮਿਲਕੇ ਬਹੁਤ ਹੀ ਖ਼ੁਸ਼ ਹੁੰਦੀ ਹੈ। ਉਹ ਇਸ ਘਰ ਵਿਚ ਗੀਤਾ (ਗਾਇਤਰੀ ਜੋਸ਼ੀ) ਅਤੇ ਉਹਦੇ ਛੋਟੇ ਭਰਾ ਨਾਲ ਰਹਿ ਰਹੀ ਹੈ। ਗੀਤਾ ਪਿੰਡ ਦੇ ਸਕੂਲ ਵਿਚ ਹੀ ਪੜ੍ਹਾਉਂਦੀ ਹੈ। ਦਿੱਲੀ ਵਿਚ ਆਪਣੀ ਤਾਲੀਮ ਖ਼ਤਮ ਕਰਕੇ ਉਹ ਚਰਨਪੁਰ ਪਿੰਡ ਦੇ ਸਕੂਲ ਵਿਚ ਪੜ੍ਹਾਉਣ ਆ ਗਈ ਸੀ ।ਕਾਵੇਰੀ ਅੱਮਾ ਉਹਨੂੰ ਦੱਸਦੀ ਹੈ ਕਿ ਗੀਤਾ ਉਹੀ ਕੁੜੀ ਹੈ ਜਿਸ ਨਾਲ ਮੋਹਨ ਬਚਪਨ ਵਿਚ ਖੇਡਿਆ ਕਰਦਾ ਸੀ। ਮੋਹਨ ਨੂੰ ਇਸ ਬਾਰੇ ਸਿਰਫ਼ ਧੁੰਦਲਾ ਜਿਹਾ ਹੀ ਯਾਦ ਸੀ। ਕਾਵੇਰੀ ਅੱਮਾ ਉਹਨੂੰ ਦੱਸਦੀ ਹੈ ਕਿ ਉਸਨੇ ਗੀਤਾ ਨਾਲ ਸ਼ਰਤ ਲਾਈ ਹੋਈ ਸੀ ਇਕ ਦਿਨ ਮੋਹਨ ਉਹਨੂੰ ਮਿਲਣ ਲਈ ਜ਼ਰੂਰ ਆਏਗਾ ਅਤੇ ਇੰਜ ਹੁਣ ਗੀਤਾ ਸ਼ਰਤ ਹਾਰ ਗਈ ਹੈ। ਕਾਵੇਰੀ ਅੱਮਾ ਗੀਤਾ ਦੇ ਛੋਟੇ ਭਰਾ ਚੀਕੂ ਨੂੰ ਮੋਹਨ ਨਾਲ ਸਕੂਲ ਭੇਜਦੀ ਹੈ ਤਾਂ ਕਿ ਉਹ ਗੀਤਾ ਨੂੰ ਮਿਲ ਲਵੇ। ਸਕੂਲ ਵਿਚ ਪਹੁੰਚ ਕੇ ਜਦੋਂ ਉਹ ਗੀਤਾ ਨੂੰ ਮਿਲਦਾ ਹੈ ਤਾਂ ਇਹ ਉਹੀ ਕੁੜੀ ਹੁੰਦੀ ਹੈ ਜਿਹਨੂੰ ਉਹ ਦਿੱਲੀ ਵਿਚ ਕਿਤਾਬਾਂ ਵਾਲੀ ਦੁਕਾਨ ਤੇ ਮਿਲਿਆ ਸੀ ਅਤੇ ਜਿਸਨੇ ਉਹਨੂੰ ਚਰਨਪੁਰ ਦਾ ਰਾਹ ਦੱਸਿਆ ਸੀ।

ਮੋਹਨ ਕਾਵੇਰੀ ਅੱਮਾ, ਗੀਤਾ ਅਤੇ ਚੀਕੂ ਦੇ ਘਰ ਵਿਚ ਰਹਿੰਦਾ ਹੈ ਪਰ ਸੌਂਦਾ ਆਪਣੀ ਕੈਰਾਵਾਨ ਗੱਡੀ ਵਿਚ ਹੀ ਹੈ ਜਿਥੇ ਉਹ ਆਰਾਮ ਵੀ ਕਰ ਸਕਦਾ ਹੈ ਅਤੇ ਆਪਣਾ ਕੰਮ ਵੀ। ਉਹ ਆਪਣੇ ਦਫ਼ਤਰ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰਦਾ ਹੈ ਪਰ ਉਹਦਾ ਸੈਲ ਫ਼ੋਨ ਉਥੇ ਕੰਮ ਨਹੀਂ ਕਰਦਾ। ਪਿੰਡ ਵਿਚ ਇਕ ਛੋਟਾ ਜਿਹਾ ਡਾਕਖਾਨਾ ਹੈ ਪਰ ਇੰਟਰਨੈਟ ਦੀ ਸਹੂਲੀਅਤ ਨਹੀਂ ਕਿ ਜਿਸ ਨਾਲ ਉਹ ਆਪਣੇ ਦਫ਼ਤਰ ਨਾਲ ਸੰਪਰਕ ਕਰ ਲਵੇ। ਪਿੰਡ ਵਿਚ ਬਿਜਲੀ ਵੀ ਚੰਗੀ ਤਰ੍ਹਾਂ ਨਹੀਂ ਆਉਂਦੀ ਅਤੇ ਪਿੰਡ ਦੀ ਪੰਚਾਇਤ ਦੇ ਇਕ ਇਕੱਠ ਵਿਚ ਪਿੰਡ ਦੇ ਲੋਕ ਪਿੰਡ ਦੇ ਮਸਲਿਆਂ ਬਾਰੇ ਬਲਾਕ ਅਫ਼ਸਰ ਨਾਲ ਵੀ ਬਿਜਲੀ ਨਾ ਆਉਣ ਬਾਰੇ ਸੁਆਲ ਉਠਾਉਂਦੇ ਹਨ। ਅਫ਼ਸਰ ਦੱਸਦਾ ਹੈ ਕਿ ਬਿਜਲੀ ਦੀ ਕਿੱਲਤ ਦੂਰ ਕਰਨ ਲਈ ਸਰਕਾਰ ਯੋਜਨਾ ਬਣਾ ਰਹੀ ਹੈ। ਪਰ ਪਿੰਡ ਦੇ ਲੋਕ ਇਹ ਜਵਾਬ ਕਈ ਸਾਲਾਂ ਤੋ ਸੁਣਦੇ ਆ ਰਹੇ ਹਨ ਪਰ ਬਿਜਲੀ ਨਹੀਂ ਆਉਂਦੀ। ਡਾਕਖ਼ਾਨੇ ਵਿਚ ਇਕ ਫ਼ੋਨ ਹੈ ਜਿੱਥੋਂ ਉਹ ਆਪਣੇ ਦਫ਼ਤਰ ਟਰੰਕ ਕਾਲ ਮਿਲਾ ਕੇ ਸੰਪਰਕ ਕਰਨ ਦੀ ਕੋਸ਼ਿਸ਼ ਕਰਦਾ ਹੈ ਪਰ ਡਾਕਖ਼ਾਨੇ ਵਿਚ ਵੀ ਬਿਜਲੀ ਨਹੀਂ।

ਪਿੰਡ ਦੇ ਸਕੂਲ ਵਿਚ, ਜਿੱਥੇ ਗੀਤਾ ਪੜਾਉਂਦੀ ਹੈ, ਬਹੁਤ ਘੱਟ ਬੱਚੇ ਆਉਂਦੇ ਹਨ। ਜ਼ਾਤ ਪਾਤ ਕਰਕੇ ਲੋਕ ਇਕੋ ਸਕੂਲ ਵਿਚ ਬੱਚਿਆਂ ਨੂੰ ਨਹੀਂ ਭੇਜਦੇ ਅਤੇ ਨਾ ਹੀ ਲੜਕੀਆਂ ਨੂੰ ਸਕੂਲ ਭੇਜਦੇ ਹਨ। ਪਿੰਡ ਦੀ ਪੰਚਾਇਤ ਸਕੂਲ ਦੀ ਇਮਾਰਤ ਹੋਰ ਲੋੜਾਂ ਲਈ ਵਰਤਣਾ ਚਾਹੁੰਦੀ ਹੈ ਕਿਉਂਕਿ ਸਕੂਲ ਵਿਚ ਬੱਚੇ ਘੱਟ ਹੀ ਹਨ। ਪੰਚਾਇਤ ਗੀਤਾ ਨੂੰ ਤਿੰਨ ਮਹੀਨੇ ਦੀ ਮੋਹਲਤ ਦਿੰਦੀ ਹੈ ਅਤੇ ਕਹਿੰਦੀ ਹੈ ਕਿ ਜੇ ਬੱਚਿਆਂ ਦੀ ਗਿਣਤੀ ਨਾ ਵਧੀ ਤਾਂ ਇਮਅਰਤ ਖਾਲੀ ਕਰਕੇ ਸਕੂਲ ਕਿਸੇ ਹੋਰ ਥਾਂ ਲਾਉਣਾ ਪਵੇਗਾ। ਮੋਹਨ ਪਿੰਡ ਦੇ ਇਕ ਦੋ ਬੰਦਿਆਂ ਨੂੰ ਨਾਲ ਲੈਕੇ ਲੋਕਾਂ ਕੋਲ ਜਾਂਦਾ ਹੈ ਅਤੇ ਉਨ੍ਹਾਂ ਨਾਲ ਬੱਚਿਆਂ ਨੂੰ ਸਕੂਲ ਭੇਜਣ ਲਈ ਗੱਲਬਾਤ ਕਰਦਾ ਹੈ। ਜ਼ਾਤਪਾਤ ਨਾਲ ਨੁਕਸਾਨ, ਲੜਕੀਆਂ ਨੂੰ ਸਕੂਲ ਨਾ ਭੇਜਣ ਨਾਲ ਕਿਸ ਤਰਾਂ ਉਨ੍ਹਾਂ ਦਾ ਅਤੇ ਪਿੰਡ ਦਾ ਨੁਕਸਾਨ ਹੁੰਦਾ ਹੈ, ਬਾਰੇ ਬਹਿਸਾਂ ਕਰਦਾ ਹੈ। ਆਖੀਰ ਲੋਕ ਬੱਚਿਆਂ ਨੂੰ, ਲੜਕੀਆਂ ਨੂੰ ਸਕੂਲ ਭੇਜਣ ਲਈ ਰਾਜ਼ੀ ਹੋ ਜਾਂਦੇ ਹਨ।

ਹੁਣ ਮੋਹਨ ਕਾਵੇਰੀ ਅੱਮਾ ਨੂੰ ਵੀ ਆਪਣੇ ਨਾਲ ਅਮਰੀਕਾ ਲੈ ਜਾਣਾ ਚਾਹੁੰਦਾ ਹੈ ਪਰ ਉਹ ਜਾਣਾ ਨਹੀਂ ਚਾਹੁੰਦੀ। ਉਹਦੇ ਜ਼ੋਰ ਪਾਉਣ ਤੇ ਕਾਵੇਰੀ ਅੱਮਾ ਕੁਝ ਦਿਨ ਸੋਚਣ ਲਈ ਵਕਤ ਮੰਗਦੀ ਹੈ। ਇਸੇ ਦੌਰਾਨ ਕਾਵੇਰੀ ਅੱਮਾ ਗੀਤਾ ਦੇ ਪਰਿਵਾਰ ਦੀ ਜ਼ਮੀਨ ਦਾ ਹਾਲਾ ਇਕ ਕਿਸਾਨ ਕੋਲੋਂ ਵਸੂਲਣ ਉਹਨੂੰ ਇਕ ਦੂਸਰੇ ਪਿੰਡ ਭੇਜਦੀ ਹੈ। ਮੋਹਨ ਉਥੇ ਜਾ ਕੇ ਵੇਖਦਾ ਹੈ ਕਿ ਉਸ ਕਿਸਾਨ ਦੀ ਹਾਲਤ ਬਹੁਤ ਹੀ ਮਾੜੀ ਹੈ। ਕਿਸਾਨ ਉਹਨੂੰ ਦੱਸਦਾ ਹੈ ਕਿ ਉਸ ਦੇ ਟੱਬਰ ਦਾ ਬਹੁਤ ਹੀ ਮੰਦਾ ਹਾਲ ਹੈ। ਇਸ ਭੈੜੇ ਹਾਲ ਕਰਕੇ ਉਸਨੇ ਸ਼ਹਿਰ ਜਾਕੇ ਨੌਕਰੀ ਕਰਨ ਦੀ ਵੀ ਸੋਚੀ ਸੀ ਲੇਕਿਨ ਸ਼ਹਿਰਾਂ ਵਿਚ ਵੀ ਬੇਰੁਜ਼ਗਾਰੀ ਹੋਣ ਕਰਕੇ ਉਥੇ ਜਾਕੇ ਰੁਲਣ ਦੇ ਅਲਾਵਾ ਹੋਰ ਕੁਝ ਨਹੀਂ। ਠੇਕੇਦਾਰ ਅਤੇ ਮਜ਼ਦੂਰੀ ਕਰਨ ਵਾਲਿਆਂ ਦੇ ਵਿਚੋਲੇ ਹੀ ਸਭ ਕੁਝ ਹੜੱਪ ਜਾਂਦੇ ਹਨ। ਇਸ ਕਿਸਾਨ ਦੀ ਹਾਲਤ ਦੇਖ ਕੇ ਮੋਹਨ ਇਸ ਪਿੰਡ ਤੋਂ ਬਹੁਤ ਹੀ ਦੁਖੀ ਵਾਪਸ ਆਉਂਦਾ ਹੈ। ਕਾਵੇਰੀ ਅੱਮਾ ਉਹਨੂੰ ਦੱਸਦੀ ਹੈ ਕਿ ਇਹ ਤਾਂ ਹਰ ਪਿੰਡ ਦੇ ਗਰੀਬ ਕਿਸਾਨਾਂ ਦਾ ਹਾਲ ਹੈ।

ਸਕੂਲ ਦੀ ਮੁਹਿੰਮ ਵਿਚ ਕਾਮਯਾਬ ਹੋਣ ਦੇ ਬਾਦ ਮੋਹਨ ਪਿੰਡ ਦੇ ਲੋਕਾਂ ਨੂੰ ਬਿਜਲੀ ਪੈਦਾ ਕਰਨ ਲਈ ਲਾਮਬੰਦ ਕਰਦਾ ਹੈ। ਲੋਕ ਆਪਣੇ ਉੱਦਮ ਨਾਲ ਪਿੰਡ ਦੇ ਇਕ ਚਸ਼ਮੇ ਤੋਂ ਪਾਣੀ ਇਕ ਛੋਟੇ ਜਿਹੇ ਤਲਾਬ ਵਿਚ ਲਿਆ ਕੇ ਫਿਰ ਉਹਨੂੰ ਜ਼ੋਰ ਨਾਲ ਥੱਲੇ ਸੁਟਕੇ ਟਰਬਾਈਨ ਨਾਲ ਬਿਜਲੀ ਪੈਦਾ ਕਰ ਲੈਂਦੇ ਹਨ। ਪਿੰਡ ਵਿਚ ਹੁਣ ਬਿਜਲੀ ਦਿਨਰਾਤ ਰਹਿੰਦੀ ਹੈ। ਲੋਕ ਇਸ ਗੱਲ ਤੋਂ ਬਹੁਤ ਖ਼ੁਸ਼ ਅਤੇ ਉਤਸ਼ਾਹਿਤ ਹਨ। ਕਈ ਸਾਲ ਸਰਕਾਰ ਤੋਂ ਆਸਾਂ ਕਰਨ ਦੇ ਬਾਅਦ ਉਨ੍ਹਾਂ ਨੇ ਆਪ ਆਪਣੀ ਤਾਕਤ ਨਾਲ ਬਿਜਲੀ ਦਾ ਮਸਲਾ ਹੱਲ ਕਰ ਲਿਆ ਸੀ। ਇਸ ਪ੍ਰਾਪਤੀ ਦਾ ਸੇਹਰਾ ਸਭ ਲੋਕ ਮੋਹਨ ਦੇ ਸਿਰ ਬੰਨ੍ਹਦੇ ਹਨ। ਇਸੇ ਦੌਰਾਨ ਮੋਹਨ ਅਤੇ ਗੀਤਾ ਆਪਸ ਵਿਚ ਪਿਆਰ ਕਰਨ ਲਗਦੇ ਹਨ ਪਰ ਗੀਤਾ ਅਮਰੀਕਾ ਜਾਣ ਲਈ ਰਾਜ਼ੀ ਨਹੀਂ। ਮੋਹਨ ਸੋਚਦਾ ਹੈ ਕਿ ਉਹ ਪਿੰਡ ਵਿਚ ਨਹੀਂ ਰਹਿ ਸਕਦਾ ਤੇ ਉਹ ਵਾਪਸ ਅਮਰੀਕਾ ਆ ਜਾਂਦਾ ਹੈ। ਉਹਦਾ ਪ੍ਰਾਜੈਕਟ ਕਾਮਯਾਬ ਹੁੰਦਾ ਹੈ। ਪਰ ਉਹ ਖ਼ੁਸ਼ ਨਹੀਂ ਰਹਿੰਦਾ। ਉਹਨੂੰ ਦੇਸ਼ ਦੀ, ਪਿੰਡ ਦੀ, ਗੀਤਾ ਦੀ, ਕਾਵੇਰੀ ਅੱਮਾ ਦੀ ਯਾਦ ਸਤਾਉਂਦੀ ਰਹਿੰਦੀ ਹੈ। ਇਕ ਦਿਨ ਉਹ ਹਿੰਦੁਸਤਾਨ ਵਾਪਸ ਆਉਣ ਦਾ ਫੈਸਲਾ ਕਰ ਲੈਂਦਾ ਹੈ ਅਤੇ ਆਪਣੀ ਨੌਕਰੀ ਛੱਡ ਕੇ ਹਿੰਦੋਸਤਾਨ ਵਾਪਿਸ ਆ ਜਾਂਦਾ ਹੈ। ਫਿਲਮ ਦੇ ਆਖਰੀ ਦ੍ਰਿਸ਼ ਵਿਚ ਮੋਹਨ ਪਿੰਡ ਵਿਚ ਡਾਕੀਏ ਨਾਲ ਘੁਲ ਰਿਹਾ ਹੈ ਅਤੇ ਫਿਲਮ ਖ਼ਤਮ ਹੋ ਜਾਂਦੀ ਹੈ।

`ਸਵਦੇਸ਼` ਵਿਚ ਹਿੰਦੁਸਤਾਨ ਦੇ ਪਿੰਡਾਂ ਦੇ ਭੈੜੇ ਹਾਲ ਨੂੰ ਬਹੁਤ ਹੀ ਮੁਹਾਰਤ ਨਾਲ ਵਿਖਾਇਆ ਗਿਆ ਹੈ। ਆਜ਼ਾਦੀ ਦੇ 58 ਸਾਲਾਂ ਬਾਅਦ ਵੀ ਪਿੰਡਾ ਵਿਚ ਕੁਰੀਤੀਆਂ, ਭੁੱਖ, ਗੁਰਬਤ, ਜਹਾਲਤ ਅਤੇ ਅੰਧਕਾਰ ਜ਼ੋਰਾਂ ਤੇ ਹੈ। ਕੋਈ ਵੀ ਸਰਕਾਰ ਲੋਕਾਂ ਦੇ ਮਸਲਿਆਂ ਦੇ ਹੱਲ ਵੱਲ ਕੋਈ ਧਿਆਨ ਨਹੀਂ ਦਿੰਦੀ। ਜੋ ਕੁਝ ਹੁੰਦਾ ਹੈ ਲੋਕ ਆਪਣੀ ਤਾਕਤ ਨਾਲ, ਆਪਣੀ ਹਿੰਮਤ ਨਾਲ ਕਰਦੇ ਹਨ। ਸਰਕਾਰ ਆਪਣੀ ਕੋਈ ਵੀ ਜ਼ਿੰਮੇਵਾਰੀ ਨਿਭਾਉਣ ਤੋਂ ਮੁਨਕਰ ਹੈ। ਇਸਦੇ ਨਾਲ ਹੀ ਵਿਦੇਸ਼ਾਂ ਵਿਚ ਵਸਦੇ ਹਿੰਦੁਸਤਾਨੀਆਂ ਦੀ ਆਪਣੇ ਮੁਲਕ ਬਾਰੇ ਭਾਵਨਾਵਾਂ ਨੂੰ ਵੀ ਚੰਗੀ ਤਰਾਂ ਪੇਸ਼ ਕੀਤਾ ਗਿਆ ਹੈ। ਮੋਹਨ ਦੇ ਜਜ਼ਬਾਤ ਬਹੁਤ ਹੀ ਨੌਜਵਾਨਾਂ ਦੇ ਜਜ਼ਬਾਤ ਹਨ। ਹਾਲੀਆ ਵਕਤਾਂ ਵਿਚ ਮੋਹਨ ਵਾਂਗ ਸੈਂਕੜੇ ਹੀ ਨੌਜਵਾਨ ਕੁਝ ਕਰਨ ਲਈ ਅਮਰੀਕਾ ਤੋਂ ਹਿੰਦੁਸਤਾਨ ਵਾਪਸ ਆ ਰਹੇ ਹਨ। ਅਸਲੀਅਤ ਵਿਚ ਇਹ ਫਿਲਮ ਇਕ ਸੱਚੀ ਕਹਾਣੀ ਦੇ ਆਧਾਰ ਤੇ ਬਣੀ ਹੈ

ਫਿਲਮ ਵਿਚ ਪਿੰਡਾਂ ਦਾ ਮੰਦਾ ਹਾਲ, ਸਰਕਾਰ ਦੀ ਨਲਾਇਕੀ, ਨੌਜਵਾਨਾਂ ਦੇ ਜਜ਼ਬਾਤ ਅਤੇ ਲੋਕਾਂ ਦੀ ਆਪਣੀ ਹਿੰਮਤ ਅਤੇ ਸਫਲਤਾ ਦੀ ਦਾਸਤਾਨ ਨੂੰ ਕਾਫੀ ਸੁਚੱਜੇ ਢੰਗ ਨਾਲ ਵਿਖਾਇਆ ਗਿਆ ਹੈ। ਇਹ ਗੱਲ ਠੀਕ ਹੈ ਕਿ ਪਿੰਡਾ ਅਤੇ ਸ਼ਹਿਰਾਂ ਵਿਚ ਲੋਕਾਂ ਦਾ ਬੁਰਾ ਹਾਲ ਹੈ। ਇਹ ਗੱਲ ਵੀ ਦਰੁਸਤ ਹੈ ਕਿ ਲੋਕ ਆਪ ਹੀ ਆਪਣੀ ਤਾਕਤ ਨਾਲ ਦਰਪੇਸ਼ ਮਸਲਿਆਂ ਨੂੰ ਹੱਲ ਕਰ ਸਕਦੇ ਹਨ। ਪਰ ਹਿੰਦੁਸਤਾਨ ਦਾ ਇਤਿਹਾਸ ਅਤੇ ਤਮਾਮ ਦੁਨੀਆਂ ਦੇ ਦਬੇ ਕੁਚਲੇ ਲੋਕਾਂ ਦਾ ਇਤਿਹਾਸ, ਮਜ਼ਦੂਰ ਜਮਾਤ ਦਾ ਇਤਿਹਾਸ ਇਹ ਦੱਸਦਾ ਹੈ ਕਿ ਇਨ੍ਹਾਂ ਮਸਲਿਆਂ ਦੇ ਹੱਲ ਲਈ ਜਦੋਂ ਤਕ ਲੋਕ ਇਕ ਲਹਿਰ ਦੇ ਤੌਰ ਤੇ ਇਕੱਠੇ ਹੋਕੇ ਸਿਆਸੀ ਤਾਕਤ ਲਈ ਸੰਘਰਸ਼ ਨਹੀਂ ਕਰਦੇ ਅਤੇ ਤਾਕਤ ਆਪਣੇ ਹੱਥ ਵਿਚ ਨਹੀਂ ਲੈਂਦੇ ਉਨ੍ਹਾਂ ਚਿਰ ਭਾਵੇ ਇੱਕਾ ਦੁੱਕਾ ਪਿੰਡਾ ਵਿਚ ਭਾਵੇਂ ਕੁਝ ਸਫਲਤਾ ਹਾਸਲ ਕਰ ਵੀ ਲੈਣ ਪਰ ਸਮੁਚੇ ਤੌਰ ਤੇ ਉਨ੍ਹਾਂ ਦੀ ਹਾਲਤ ਬਹੁਤੀ ਸੁਧਰ ਨਹੀਂ ਸਕਦੀ। ਮੋਹਨ ਇਕ ਪੜ੍ਹਿਆ ਲਿਖਿਆ ਨੌਜਵਾਨ ਹੈ, ਉਹਦੇ ਜਜ਼ਬਾਤ ਵੀ ਸਹੀ ਹਨ ਪਰ ਉਹ ਇਸ ਸੱਚਾਈ ਵੱਲ ਬਿਲਕੁਲ ਹੀ ਧਿਆਨ ਨਹੀਂ ਦਿੰਦਾ ਕਿ ਸਾਰੇ ਹਿੰਦੋਸਤਾਨ ਦੇ ਦੱਬੇ-ਕੁਚਲੇ ਲੋਕਾਂ ਦੀ ਹਾਲਤ ਬਿਹਤਰ ਕਰਨ ਲਈ ਇਕ ਵਿਸ਼ਾਲ ਲੋਕ-ਲਹਿਰ ਜਥੇਬੰਦ ਕਰਨ ਦੀ ਲੋੜ ਹੈ। ਉਹ ਸਿਰਫ਼ ਵਾਪਸ ਪਿੰਡ ਵਿਚ ਆਕੇ ਹੀ ਖ਼ੁਸ਼ ਹੈ। ਫਿਲਮ ਵਿਚ ਨਵੀਂ ਉਸਾਰੀ ਲਈ ਲਹਿਰ ਚਲਾਉਣ ਅਤੇ ਉਹਨੂੰ ਜਥੇਬੰਦ ਕਰਨ ਲਈ ਲੋਕਾਂ ਨੂੰ ਲਾਮਬੰਦ ਕਰਨ ਵਲ ਕੋਈ ਸੰਕੇਤ ਜਾਂ ਇਸ਼ਾਰਾ ਨਹੀਂ। ਇੰਜ ਲਗਦਾ ਹੈ ਕਿ ਮੋਹਨ ਪਿੰਡ ਆਕੇ ਇਸ ਛੋਟੀ ਜਿਹੀ ਕਾਮਯਾਬੀ ਨਾਲ ਹੀ ਸੰਤੁਸ਼ਟ ਹੈ। ਇਹ ਰਾਹ ਲੋਕਾਂ ਦਾ ਗੁਰਬਤ, ਜਹਾਲਤ, ਲੁੱਟ ਖਸੁਟ ਅਤੇ ਕੁਰੀਤੀਆਂ ਖ਼ਤਮ ਕਰਨ ਦਾ ਰਾਹ ਨਹੀਂ ਅਤੇ ਨਾ ਹੀ ਬੇਇਨਸਾਫ਼ੀ ਅਤੇ ਹਨੇਰੇ ਤੋਂ

ਮੁਕਤੀ ਦਾ ਰਾਹ ਹੈ। ਸਿਰਫ਼ ਇਕ ਪਿੰਡ ਤਾਈ ਮਹਿਦੂਦ ਰਹਿ ਜਾਣ ਨਾਲ ਕੋਈ ਗੱਲ ਨਹੀਂ ਬਣਨ ਵਾਲੀ। ਇਸ ਕਰਕੇ ਇਸ ਫ਼ਿਲਮ ਦੀ ਪੇਸ਼ਕਾਰੀ ਵਧੀਆ ਹੋਣ ਦੇ ਬਾਵਜੂਦ ਵੀ ਇਹ ਲੋਕਾਂ ਨੂੰ ਆਪਣੀ ਮੁਕਤੀ ਦਾ ਅਸਲੀ ਤੇ ਸਹੀ ਰਾਹ ਵਿਖਾਉਣ ਵਿਚ ਅਸਫ਼ਲ ਰਹੀ ਹੈ। ਇਹ ਸਿਰਫ਼ ਅੱਧਾ ਸੱਚ ਹੀ ਪੇਸ਼ ਕਰ ਸਕੀ ਹੈ ਤੇ ਮਹਿਦੂਦ ਹੈ। ਨਤੀਜੇ ਵਜੋ ਇਕ ਝੂਠ ਹੋ ਨਿਬੜਦਾ ਹੈ।

ਫਿਲਮ ਵਿਚ ਮੁੱਖ ਅਦਾਕਾਰਾਂ ਦੀ ਅਦਾਕਾਰੀ ਦੇ ਇਲਾਵਾ ਸੰਵਾਦ ਵੀ ਢੁਕਵੇਂ ਅਤੇ ਸੂਝ ਵਾਲੇ ਹਨ। ਗੀਤ ਅਤੇ ਸੰਗੀਤ ਵੀ ਸੰਵੇਦਨਸ਼ੀਲ ਹਨ। ਪਰ ਇਹ ਫਿਲਮ ਕਿਸੇ ਰਾਹ ਦੀ ਸੇਧ ਦੇਣ ਦੀ ਗੈਰਹਾਜ਼ਰੀ ਵਿਚ ਹਲਕੀ ਹੋਕੇ ਰਹਿ ਜਾਂਦੀ ਹੈ। ਕਿਸੇ ਹੱਦ ਤੱਕ ਇਹ ਮੱਧ ਸ਼ਰੇਣੀ ਦੀ ਸੰਕੀਰਣ ਸਿਆਸੀ ਸੂਝ ਨੂੰ ਹੀ ਦਰਸਾਉਂਦੀ ਹੈ ਜੋ ਇਕ ਛੋਟੇ ਜਿਹੇ ਦਾਇਰੇ ਤਕ ਹੀ ਸੀਮਤ ਰਹਿੰਦੀ ਹੈ। ਅੱਜ, ਜਦ ਕਿ ਦੁਨੀਆਂ ਦੇ ਲੋਕਾਂ ਨੇ ਇਕ ਮਨੁੱਖਤਾ ਇਕ ਸੰਘਰਸ਼ ਦਾ ਨਾਅਰਾ ਬੁਲੰਦ ਕੀਤਾ ਹੈ, ਸਿਰਫ਼ ਇਕ ਪਿੰਡ ਤਕ ਹੀ ਮਹਿਦੂਦ ਰਹਿ ਜਾਣਾ ਤਾਰੀਖ਼ੀ ਲੋੜ ਨੂੰ ਨਾ ਸਮਝਣਾ ਹੈ। ਇਹ ਹਿੰਦੁਸਤਾਨੀ ਦਰਸ਼ਨ ਦੀ ਬੁਨਿਆਦੀ ਸੇਧ ***ਵਸੁਧਾ ਕਟੁੰਬ*** ਭਾਵ ਸਾਰੀ ਦੁਨੀਆ ਸਾਡਾ ਪਰਿਵਾਰ ਹੈ, ਦੇ ਵੀ ਉਲਟ ਹੈ। ਲੋਕਾਂ ਸਾਹਮਣੇ ਅੱਜ ਤਮਾਮ ਮਨੁੱਖਤਾ ਦੀ ਮੁਕਤੀ ਦਾ ਸਵਾਲ ਹੈ। ਦੇਸ਼ ਭਗਤ, ਅਗਾਂਹਵਧੂ ਅਤੇ ਰੌਸ਼ਨ ਖਿਆਲ ਲੋਕ ਸਿਰਫ਼ ਇਕ ਪਿੰਡ ਜਾਂ ਸ਼ਹਿਰ ਤੱਕ ਹੀ ਮਹਿਦੂਦ ਨਹੀਂ ਰਹਿ ਸਕਦੇ। ਇਸ ਵਿਸ਼ਵੀਕਰਨ ਅਤੇ ਸਾਮਰਾਜੀ ਦੌਰ ਵਿਚ ਕਿਸੇ ਇਕ ਪਿੰਡ ਜਾਂ ਸ਼ਹਿਰ ਦੀ ਮੁਕਤੀ ਨਹੀਂ ਹੋ ਸਕਦੀ ਅਤੇ ਨਾ ਹੀ ਖ਼ੁਸ਼ਹਾਲੀ ਹੋ ਸਕਦੀ ਹੈ। ਹਾਂ ਇਕ ਸ਼ੁਰੂਆਤ ਜ਼ਰੂਰ ਹੋ ਸਕਦੀ ਹੈ।